File No.: FD-FPPC0CMPS/41/2020-2FPPC/1132643
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾਂ)

ਮਿਤੀ;ਚੰਡੀਗੜ੍ਹ:23.06.2025

ਸੇਵਾ ਵਿਖੇ,

1. ਸਮੂਹ ਵਿਸ਼ੇਸ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।
3. ਸਮੂਹ ਡਵੀਜਨਾਂ ਦੇ ਕਮਿਸ਼ਨਰਜ।
4. ਸਮੂਹ ਡਿਪਟੀ ਕਮਿਸ਼ਨਰਜ/ਜਿਲ੍ਹਾ ਸੈਸ਼ਨ ਜੱਜ।
5. ਰਜਿਸਟਰਾਰ ਜਨਰਲ, ਪੰਜਾਬ ਅਤੇ ਹਰਿਆਣਾ ਹਾਈਕਰਟ।
6. ਸਕੱਤਰ, ਪੰਜਾਬ ਵਿਧਾਨ ਸਭਾ।
7. ਰਜਿਸ਼ਟਰਾਰ ਪੰਜਾਬ ਅਤੇ ਹਰਿਆਣਾ,ਹਾਈਕੋਰਟ, ਚੰਡੀਗੜ੍ਹ।

**ਵਿਸ਼ਾ:** ਪੰਜਾਬ ਸਰਕਾਰ ਦੇ ਉਹ ਕਰਮਚਾਰੀ/ਅਧਿਕਾਰੀ ਜੋ ਮਿਤੀ 01-01-2004 ਤੋਂ ਪਹਿਲਾਂ ਭਰਤੀ ਲਈ ਦਿੱਤੇ ਗਏ ਇਸ਼ਤਿਹਾਰ ਲਈ ਅਸਾਮੀਆਂ / ਖਾਲੀ ਅਸਾਮੀਆਂ ਦੇ ਵਿਰੁੱਧ ਭਰਤੀ ਕੀਤੇ ਗਏ ਸਨ ਅਤੇ ਪੰਜਾਬ ਸਰਕਾਰ ਦੇ ਉਹ ਕਰਮਚਾਰੀ ਜਿਨ੍ਹਾਂ ਨੂੰ 01-01-2004 ਨੂੰ ਜਾਂ ਇਸ ਤੋਂ ਬਾਅਦ ਤਰਸ ਦੇ ਆਧਾਰ 'ਤੇ ਨਿਯੁਕਤ ਕੀਤਾ ਗਿਆ ਸੀ, ਪਰ ਜਿੱਥੇ ਕਾਨੂੰਨੀ ਵਾਰਸ ਦੁਆਰਾ ਅਜਿਹੀ ਨਿਯੁਕਤੀ ਲਈ ਬੇਨਤੀ 01-01-2004 ਤੋਂ ਪਹਿਲਾਂ ਪ੍ਰਾਪਤ ਹੋਈ ਸੀ, ਨੂੰ ਨਿਊ ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਦੀ ਥਾਂ 'ਤੇ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਭਾਗ-2 ਅਧੀਨ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਦੇਣ ਬਾਰੇ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ Government of India, Ministry of Personnel, Public Grievances and Pensions, Department of Pension and Pensioner's Welfare ਵੱਲੋ ਜਾਰੀ Office Memorandum No. 57/05/2021-P&PW (B) ਮਿਤੀ 03-03-2023 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕੇਂਦਰੀ ਨਿਊ ਪੈਨਸ਼ਨ ਸਕੀਮ ਅਧੀਨ ਕਵਰ ਹੁੰਦੇ ਅਧਿਕਾਰੀ/ਕਰਮਚਾਰੀ ਜਿਨ੍ਹਾਂ ਦਾ ਭਰਤੀ ਪ੍ਰੋਸੈਸ ਨੋਟੀਫਿਕੇਸ਼ਨ ਦੀ ਮਿਤੀ 22.12.2003 ਤੋਂ ਪਹਿਲਾਂ ਸ਼ੁਰੂ ਹੋ ਚੁੱਕਾ ਸੀ ਪਰੰਤੂ ਨਿਯੁਕਤੀ ਮਿਤੀ 01.01.2004 ਨੂੰ ਜਾਂ ਉਸ ਤੋਂ ਬਾਅਦ ਹੋਈ ਹੈ, ਉਨ੍ਹਾਂ ਨੂੰ one time option ਦਾ ਮੌਕਾ ਦਿੰਦੇ ਹੋਏ, ਕੇਂਦਰੀ ਸਿਵਲ ਸਰਵਿਸਜ਼ (ਪੈਨਸ਼ਨ) ਰੂਲਜ਼, 1972 (ਹੁਣ 2021) ਅਧੀਨ ਕਵਰ ਕੀਤਾ ਗਿਆ ਅਤੇ ਅਜਿਹੇ ਕੇਂਦਰੀ ਅਧਿਕਾਰੀ/ਕਰਮਚਾਰੀ ਦੀ ਨਿਊ ਪੈਨਸ਼ਨ ਸਕੀਮ ਅਧੀਨ ਕੱਟੀ ਗਈ ਰਾਸ਼ੀ (employees contribution) ਨੂੰ ਉਨਾਂ ਦੇ ਜੀ.ਪੀ. ਫੰਡ ਮੱਦ ਵਿੱਚ ਜਮਾਂ ਕਰਵਾਉਣ ਉਪਰੰਤ ਉਨਾਂ ਦਾ ਜੀ.ਪੀ. ਫੰਡ ਖਾਤਾ up-to-date ਵਿਆਜ ਦਿੰਦੇ ਹੋਏ ਰੀਕਾਸਟ ਕੀਤਾ ਜਾਂਦਾ ਹੈ।

2. ਪੰਜਾਬ ਸਰਕਾਰ ਵੱਲੋ Gazette Notification No. G.S.R.34/Const./Arts.309 and 187/Amd.(11)/2025 ਮਿਤੀ 22.05.2025 ਜਾਰੀ ਕਰਦੇ ਹੋਏ, ਅਜਿਹੇ ਅਧਿਕਾਰੀ/ਕਰਮਚਾਰੀ ਜੋ ਮਿਤੀ 01.01.2004 ਤੋ ਪਹਿਲਾ ਭਰਤੀ ਲਈ ਦਿੱਤੇ ਗਏ ਇਸ਼ਤਿਹਾਰ ਲਈ ਅਸਾਮੀਆਂ/ ਖਾਲੀ ਅਸਾਮੀਆਂ ਦੇ ਵਿਰੁੱਧ ਭਰਤੀ ਕੀਤੇ ਗਏ ਸਨ ਅਤੇ ਪੰਜਾਬ ਸਰਕਾਰ ਦੇ ਉਹ ਕਰਮਚਾਰੀ ਜਿਨ੍ਹਾਂ ਨੂੰ ਮਿਤੀ 01.01.2004 ਨੂੰ ਜਾਂ ਇਸ ਤੋਂ ਬਾਅਦ ਤਰਸ ਦੇ ਅਧਾਰ ਤੇ ਨਿਯੁਕਤ ਕੀਤਾ ਗਿਆ ਸੀ, ਪਰ ਜਿੱਥੇ ਕਾਨੂੰਨੀ ਵਾਰਸ ਦੁਆਰਾ ਅਜਿਹੀ ਨਿਯੁਕਤੀ ਲਈ ਬੇਨਤੀ ਮਿਤੀ 01.01.2004 ਤੋ ਪਹਿਲਾ ਪ੍ਰਾਪਤ ਹੋਈ ਸੀ, ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਕਵਰ ਕਰਨ ਸਬੰਧੀ ਫੈਸਲਾ ਲਿਆ ਗਿਆ। ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਦੇ ਨਿਊ ਪੈਨਸ਼ਨ ਸਕੀਮ ਅਧੀਨ (ਪਰਾਨ ਅਲਾਟ ਹੋਣ ਉਪਰੰਤ) ਫੰਡਜ਼ ਨਿਵੇਸ਼ ਹੋ ਚੁੱਕੇ ਹਨ, ਨੂੰ ਪੁਰਾਣੀ ਪੈਨਸ਼ਨ ਸਕੀਮ ਤਹਿਤ ਬਣਦੇ ਦਿੱਤੇ ਜਾਣ ਵਾਲੇ ਪੈਨਸ਼ਨਰੀ ਲਾਭਾਂ ਸਬੰਧੀ ਗਹੁ ਨਾਲ ਵਿਚਾਰ ਕਰਨ ਉਪਰੰਤ ਵਿੱਤ ਵਿਭਾਗ ਵੱਲੋ ਹੇਠ ਅਨੁਸਾਰ ਫੈਸਲਾ ਲਿਆ ਗਿਆ ਹੈ:-

(i) ਜਿਨ੍ਹਾਂ ਕੇਸਾਂ ਵਿੱਚ ਐਨ.ਪੀ.ਐਸ ਦੀ ਅੰਤਿਮ ਅਦਾਇਗੀ ਅਜੇ ਨਹੀਂ ਕੀਤੀ ਗਈ ਹੋਵੇ:-

a) ਅਜਿਹੇ ਅਧਿਕਾਰੀ/ਕਰਮਚਾਰੀ ਨੂੰ ਨਵੀ ਪੈਨਸ਼ਨ ਸਕੀਮ ਤੋ ਪੁਰਾਣੀ ਪੈਨਸ਼ਨ ਸਕੀਮ ਤਹਿਤ ਕਵਰ ਕਰਨ ਲਈ ਭੇਜੇ ਜਾਣ ਵਾਲੇ ਐਨ.ਪੀ.ਐਸ ਦੇ ਅੰਤਿਮ ਅਦਾਇਗੀ ਦੇ ਕੇਸ ਨਾਲ ਸਬੰਧਤ ਅੰਸ਼ਦਾਤਾ ਦੀ ਇਹ ਅੰਡਰਟੇਕਿੰਗ ਸ਼ਾਮਲ ਕੀਤੀ ਜਾਵੇਗੀ ਕਿ ਉਸਦੇ ਪਰਾਨ ਖਾਤੇ ਵਿੱਚੋ ਸਾਰੀ ਰਾਸ਼ੀ ਸਮਰੱਥ ਅਥਾਰਟੀ ਵਿਦਡਰਾਅ (withdrawal) ਕਰਕੇ, ਉਸ ਵਿੱਚੋ ਉਸਦਾ ਆਪਣਾ ਸ਼ੇਅਰ ਛੱਡ ਕੇ, ਬਾਕੀ ਰਹਿੰਦੀ ਸਾਰੀ ਰਾਸ਼ੀ (Government contribution and the increased value of the subscription due to appreciation of investments) ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਸਬੰਧੀ ਉਸਨੂੰ ਕੋਈ ਇਤਰਾਜ ਨਹੀ ਹੈ।

b) Government contribution and the increased value of the subscription due to appreciation of investments ਦੀ ਰਾਸ਼ੀ ਸਰਕਾਰ ਦੇ ਖਾਤੇ ਵਿੱਚ "ਮੁੱਖ ਮੱਦ 0071- ਪੈਨਸ਼ਨ ਅਤੇ ਹੋਰ ਪੈਨਸ਼ਨਰੀ ਬੈਨਿਫਿਟ" ਅਧੀਨ ਜਮ੍ਹਾਂ ਹੋਣ ਉਪਰੰਤ ਸਬੰਧਤ ਦਫਤਰੀ ਮੁੱਖੀ ਉਸਨੂੰ ਪੁਰਾਣੀ ਪੈਨਸ਼ਨ ਸਕੀਮ ਦੇ ਬਣਦੇ ਲਾਭ ਦੇਣ ਲਈ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਨਗੇ ਅਤੇ ਕਰਮਚਾਰੀ/ਅਧਿਕਾਰੀ ਦੀ ਕੱਟੀ ਗਈ ਰਾਸ਼ੀ (employee contribution) ਨੂੰ ਜੀ.ਪੀ. ਫੰਡ ਖਾਤੇ ਵਿੱਚ ਜਮਾਂ ਕਰਵਾਉਣ ਉਪਰੰਤ ਉਨਾਂ ਦਾ ਜੀ.ਪੀ. ਫੰਡ ਖਾਤਾ up-to-date ਵਿਆਜ ਦਿੰਦੇ ਹੋਏ ਰੀਕਾਸਟ ਕੀਤਾ ਜਾਵੇਗਾ। (ਸਬੰਧਤ ਸਮੇ ਵਿੱਚ ਜੀ.ਪੀ.ਫੰਡ ਦੇ ਵਿਆਜ ਦੀ ਦਰ ਅਨੁਸਾਰ)

(ii) ਜਿਨ੍ਹਾਂ ਕੇਸਾਂ ਵਿੱਚ ਐਨ.ਪੀ.ਐਸ ਦੀ ਅੰਤਿਮ ਅਦਾਇਗੀ ਕਰ ਦਿੱਤੀ ਗਈ ਹੋਵੇ:-

a) ਜਿਹਨਾਂ ਕੇਸਾਂ ਵਿੱਚ ਅਧਿਕਾਰੀ/ਕਰਮਚਾਰੀ ਰਿਟਾਇਰ ਹੋ ਚੁੱਕੇ ਹਨ, ਨਵੀ ਪੈਨਸ਼ਨ ਸਕੀਮ ਦੇ ਬਣਦੇ ਲਾਭ ਪ੍ਰਾਪਤ ਕਰ ਚੁੱਕੇ ਹਨ ਤਾਂ ਅਜਿਹੇ ਕੇਸਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਦੇ ਬਣਦੇ ਲਾਭ ਪ੍ਰਾਪਤ ਕਰਨ ਤੋਂ ਪਹਿਲਾ ਦਫ਼ਤਰੀ ਮੁਖੀ ਸਬੰਧਤ ਅੰਸ਼ਦਾਤਾ ਨੂੰ ਸਰਕਾਰ ਵੱਲੋ ਦਿੱਤੇ ਗਏ ਮੈਚਿੰਗ ਸ਼ੇਅਰ ਅਤੇ ਐਨ.ਪੀ.ਐਸ ਤਹਿਤ ਹੋਈ Growth ਦੀ ਬਣਦੀ ਰਿਕਵਰੀ ਸਮੇਤ ਵਿਆਜ (ਸਬੰਧਤ ਸਮੇ ਵਿੱਚ ਜੀ.ਪੀ.ਫੰਡ ਦੇ ਵਿਆਜ ਦੀ ਦਰ ਅਨੁਸਾਰ) ਜਮ੍ਹਾਂ ਕਰਵਾਉਣ ਲਈ, ਸਬੰਧਤ ਅੰਸ਼ਦਾਤਾ (ਰਿਟਾਇਰੀ) ਨੂੰ ਅਤੇ ਮੌਤ ਦੇ ਕੇਸਾਂ ਵਿੱਚ ਉਸਦੇ ਪਰਿਵਾਰ ਨੂੰ, ਪੱਤਰ ਲਿਖਦੇ ਹੋਏ, ਚਲਾਨ ਰਾਹੀਂ ਰਾਸ਼ੀ ਜਮ੍ਹਾਂ ਕਰਵਾਉਣ ਲਈ ਕਹਿਣਗੇ ਅਤੇ ਇਹ ਰਾਸ਼ੀ ਜਮ੍ਹਾਂ ਹੋਣ ਉਪਰੰਤ ਉਸਦੇ ਪੁਰਾਣੀ ਪੈਨਸ਼ਨ ਸਕੀਮ ਤਹਿਤ ਬਣਦੇ ਪੈਨਸ਼ਨਰੀ ਲਾਭ ਨਿਯਮਾਂ ਅਨੁਸਾਰ ਮੰਜ਼ੂਰ ਕੀਤੇ ਜਾਣਗੇ। ਇਸ ਉਪਰੰਤ ਹੀ ਕਰਮਚਾਰੀ ਦੀ ਕੱਟੀ ਗਈ ਰਾਸ਼ੀ (employee matching share) ਨੂੰ ਜੀ.ਪੀ. ਫੰਡ ਖਾਤੇ ਵਿੱਚ ਜਮਾਂ ਕਰਵਾਉਣ ਉਪਰੰਤ ਉਨਾਂ ਦਾ ਜੀ.ਪੀ. ਫੰਡ ਖਾਤਾ up-to-date ਵਿਆਜ ਦਿੰਦੇ ਹੋਏ ਰੀਕਾਸਟ ਕੀਤਾ ਜਾਵੇਗਾ। (ਸਬੰਧਤ ਸਮੇਂ ਵਿੱਚ ਜੀ.ਪੀ.ਫੰਡ ਦੇ ਵਿਆਜ ਦੀ ਦਰ ਅਨੁਸਾਰ)

ਉਸਦੇ ਪੁਰਾਣੀ ਪੈਨਸ਼ਨ ਸਕੀਮ ਤਹਿਤ ਬਣਦੇ ਪੈਨਸ਼ਨਰੀ ਲਾਭ ਨਿਯਮਾਂ ਅਨੁਸਾਰ ਮੰਜੂਰ ਕੀਤੇ ਜਾਣਗੇ। ਇਸ ਉਪਰੰਤ ਹੀ ਕਰਮਚਾਰੀ ਦੀ ਕੱਟੀ ਗਈ ਰਾਸ਼ੀ (employee matching share) ਨੂੰ ਜੀ.ਪੀ. ਫੰਡ ਖਾਤੇ ਵਿੱਚ ਜਮਾਂ ਕਰਵਾਉਣ ਉਪਰੰਤ ਉਨਾਂ ਦਾ ਜੀ.ਪੀ. ਫੰਡ ਖਾਤਾ up-to-date ਵਿਆਜ ਦਿੰਦੇ ਹੋਏ ਰੀਕਾਸਟ ਕੀਤਾ ਜਾਵੇਗਾ। (ਸਬੰਧਤ ਸਮੇਂ ਵਿੱਚ ਜੀ.ਪੀ.ਫੰਡ ਦੇ ਵਿਆਜ ਦੀ ਦਰ ਅਨੁਸਾਰ)

(iii) ਪੁਰਾਣੀ ਪੈਨਸ਼ਨ ਸਕੀਮ ਅਧੀਨ ਕਵਰ ਹੋਣ ਸਬੰਧੀ ਪੈਨਸ਼ਨਰੀ ਬੈਨਿਫਿਟ ਦੇਣ ਸਮੇਂ ਐਨ.ਪੀ.ਐਸ ਤਹਿਤ ਕੀਤੀ ਗਈ ਰਿਕਵਰੀ ਦਾ ਇੰਦਰਾਜ ਸੇਵਾ ਪੱਤਰੀ ਵਿੱਚ ਦਰਜ ਕਰਨਾ ਜਰੂਰੀ ਹੋਵੇਗਾ।

(iv) ਕਿਸੇ ਵੀ ਵਿਭਾਗ / ਡੀ.ਡੀ.ਓ ਵੱਲੋ ਇਹਨਾਂ ਹਦਾਇਤਾਂ ਅਨੁਸਾਰ ਕਾਰਵਾਈ ਨਾ ਕਰਨ ਕਾਰਨ ਸਰਕਾਰ ਨੂੰ ਵਿੱਤੀ ਨੁਕਸਾਨ ਹੋਣ ਦੀ ਸੂਰਤ ਵਿੱਚ ਪ੍ਰਬੰਧਕੀ ਵਿਭਾਗ/ ਵਿਭਾਗਾਂ ਦੇ ਮੁੱਖੀ ਅਤੇ ਸਬੰਧਤ ਡੀ.ਡੀ.ਓ. ਜਿੰਮੇਵਾਰ ਸਮਝੇ ਜਾਣਗੇ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਦੇ ਹੋਏ, ਬਣਦੀ ਰਿਕਵਰੀ ਕੀਤੀ ਜਾਵੇਗੀ।

(v) ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ।
2. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
3. ਸਕੱਤਰ/ ਵਿੱਤ ਮੰਤਰੀ, ਪੰਜਾਬ।

ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਵਿੱਤ।
2. ਨਿੱਜੀ ਸਕੱਤਰ/ ਸਕੱਤਰ ਖਰਚਾ।
3. ਡਿਪਟੀ ਡਾਇਰੈਕਟਰ, ਪ੍ਰਿਸੀਪਲ ਅਕਾਉਟ ਦਫਤਰ, ਨਿਊ ਪੈਨਸ਼ਨ ਸਕੀਮ, ਪੰਜਾਬ, ਚੰਡੀਗੜ੍ਹ।

ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਖਜ਼ਾਨਾ ਤੇ ਲੇਖਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਸਮੂਹ ਜਿਲ੍ਹਾ ਖਜਾਨਾ ਅਫਸਰ, ਪੰਜਾਬ ਰਾਜ ਅਤੇ ਸਮੂਹ ਡੀ.ਡੀ.ਓਜ, ਪੰਜਾਬ ਰਾਜ ਨੂੰ ਹਦਾਇਤਾਂ ਜਾਰੀ ਕੀਤੀਆ ਜਾਣ।

ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
2. ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
3. ਸਮੂਹ ਜਿਲ੍ਹਾ ਖਜਾਨਾ ਅਫਸਰ, ਪੰਜਾਬ ਰਾਜ।
4. ਸਮੂਹ ਡੀ.ਡੀ.ਓਜ, ਪੰਜਾਬ ਰਾਜ।

ਅਧੀਨ ਸਕੱਤਰ, ਵਿੱਤ